## ** ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ ਵਿਚ ਹੋ ਰਹੀਆਂ ਮੰਨਮੱਤਾਂ।

### ਕਿਸ਼ਤ ਨੰਬਰ 9

(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3, 4, 5, 6, 7, 8, ਪੜੋ ਜੀ।)




** ਇਹ ਉੱਪਰਲੀ ਤਸਵੀਰ, ਸਿੱਖ ਸਮਾਜ ਦੀ ਅਨਪੜ੍ਹਤਾ/ਅਗਿਆਨਤਾ ਦੀ ਮੂੰਹੋਂ ਬੋਲਦੀ ਤਸਵੀਰ ਹੈ।

- ਬਾਹਰਲੇ ਕਿਸੇ ਵੀ ਮੁਲਕ ਵਿੱਚ ਜਾਣ ਵਾਸਤੇ, ਵੀਜ਼ੇ ਦੀ ਮੁੱਖ ਲੋੜ ਹੁੰਦੀ ਹੈ। (ਵੀਜ਼ਾ- ਕਿਸੇ ਵੀ ਦੇਸ਼ ਵਿੱਚ ਇੰਟਰ ਕਰਨ ਵਾਸਤੇ, ਉਸ ਦੇਸ਼ ਦੀ ਸਰਕਾਰ ਵਲੋਂ ਤੁਹਾਡੇ ਲਈ ਜਾਰੀ ਕੀਤੀ ਮੰਨਜੂਰੀ ਜਾਂ ਹੁਕਮ ਹੁੰਦਾ ਹੈ।)
- ਹਰ ਦੇਸ਼ ਦੀਆਂ ਸਰਕਾਰਾਂ ਵਲੋਂ ਬਕਾਇਦਾ ਕਾਇਦੇ/ਕਾਨੂੰਨ ਬਣਾਏ ਗਏ ਹਨ, ਜਿਹਨਾਂ ਦੇ ਤਹਿਤ ਹੀ ਕੋਈ ਕਿਸੇ ਹੋਰ ਦੇਸ਼ ਦਾ ਬਸ਼ਿੰਦਾ, ਕਿਸੇ ਦੂਜੇ ਦੇਸ਼ ਵਿੱਚ ਆ ਜਾ ਸਕਦਾ ਹੈ।
- ਬਿਨਾਂ ਵੀਜ਼ੇ ਦੇ ਅੱਜ-ਕੱਲ ਹਵਾਈ ਕੰਪਨੀਆਂ ਵੀ ਆਪਣੇ ਆਪਣੇ ਜਹਾਜ਼ਾਂ ਵਿੱਚ ਨਹੀਂ ਲੈ ਕੇ ਜਾਂਦੀਆਂ।
- ਬਾਹਰਲੇ ਦੇਸ਼ਾਂ ਵਿੱਚ ਜਾਣ ਦੇ ਚਾਹਵਾਨ ਲੋਕ ਜਦੋਂ ਵੀਜ਼ੇ ਦੀਆਂ ਸਰਤਾਂ ਪੂਰੀਆਂ ਨਹੀਂ ਕਰ ਪਾਉਂਦੇ ਤਾਂ ਵੀਜ਼ਾ ਲੈਣ ਲਈ ਕਈ ਹੋਰ ਤਰਾਂ ਦੇ ਹੱਥ-ਕੰਢੇ ਅਪਨਾਉਂਦੇ ਹਨ।

- ਹੱਥ ਦੇਖਣ ਵਾਲਿਆਂ ਜੋਤਸ਼ੀਆਂ, ਸੜਕ ਉੱਪਰ ਬੈਠੇ ਤੋਤਾ-ਸ਼ਾਪ ਜੋਤਸ਼ੀ, ਡੇਰੇਦਾਰ, ਵਿਹਲੜ-ਬਾਬੇ, ਪੰਡਿਤ, ਪੁਜਾਰੀ, ਭਾਈ ਗ੍ਰੰਥੀ, ਸਾਰੇ ਅਰਦਾਸਾਂ ਕਰ ਕਰਾਕੇ ਵੀਜ਼ੇ ਦਿਵਾਉਂਦੇ ਨਜ਼ਰ ਆ ਰਹੇ ਹਨ।
- ਵੀਜ਼ੇ ਵਲੋਂ ਨਾਂਹ ਹੋਣ ਤੇ ਇਹਨਾਂ ਉੱਪਰਲੇ ਠੱਗਾਂ ਦੇ ਚੁੱਗਲ/ਚੱਕਰਾਂ ਵਿੱਚ ਘੁੰਮਦੇ ਆਮ ਲੋਕ ਵੇਖੇ ਜਾ ਸਕਦੇ ਹਨ।
- ਗੁਰਦੁਆਰੇ ਦੇ ਭਾਈਆਂ ਵਲੋਂ ਇਹ ਭਰੋਸਾ ਦਿਵਾਉਣਾ ਕਿ ਤੁਹਾਡਾ ਵੀਜ਼ਾ ਲੱਗ ਜਾਊ, ਤੁਸੀਂ ਫਲਾਂ-ਫਲਾਂ ਗੁਰਦੁਆਰੇ ਹਵਾਈ-ਜਹਾਜ਼ ਦਾ ਮਾਡਲ ਭੇਟਾ ਕਰੋ ਜੀ। ਇਹ ਉੱਪਰਲੀ ਤਸਵੀਰ ਤੁਹਾਨੂੰ ਉਸੇ ਮੰਨਮੱਤ ਦੇ ਦਰਸਨ ਕਰਵਾ ਰਹੀ ਹੈ।
- ਗੁਰਦੁਆਰੇ ਵਿੱਚ ਹਵਾਈ ਜਹਾਜ਼ ਦੇ ਮਾਡਲ ਖਿਲੌਣੇ? ? ?
- ਹਾਸਾ ਨਹੀਂ ਆਉਂਦਾ ਅਜੇਹੀ ਮੂੜਮੱਤ ਉੱਪਰ? ?
- ਕੀ ਇਹ ਹਵਾਈ ਜਹਾਜ਼ ਦਾ ਖਿਲੌਣਾ, ਭੇਟਾ ਕਰਨ ਨਾਲ ਵੀਜ਼ਾ ਲੱਗ ਜਾਊ? ? ?
- ਕਿੱਡੀ ਮੂੜਮੱਤ ਹੈ ਸਾਡੇ ਲੋਕਾਂ ਦੀ! ! !
- ਭਲਿਉ! ! ਗੁਰਦੁਆਰ/ਧਰਮਸ਼ਾਲਾਵਾਂ ਗਿਆਨ ਲੈਣ ਵਾਸਤੇ ਬਣੀਆਂ ਹਨ। ਲੇਕਿਨ ਸਾਡੇ ਗੁਰਦੁਆਰਾ ਪਰਬੰਧਕਾਂ ਨੇ ਤਾਂ ਗੁਰਦੁਆਰੇ ਆਪਣੀਆਂ ਦੁਕਾਨਾਂ ਬਣਾ ਲਈਆਂ। ਠੀਕ ਉਸੇ ਤਰਾਂ ਦੇ ਸਾਡੇ ਪ੍ਰਚਾਰਕ ਅਤੇ ਗਰੰਥੀ ਸਿੰਘਾਂ ਦੀ ਕਾਰਗੁਜਾਰੀ ਹੈ।
- ਜੀ ਗੁਰੂ ਅੱਗੇ ਅਰਦਾਸ ਕਰੋ ਤੁਹਾਡੀਆਂ ਸਾਰੀਆਂ ਮੰਗਾਂ ਪੂਰੀਆਂ ਹੋ ਜਾਣਗੀਆਂ।
- ਸੋ ਜਹਾਜ਼ ਦਾ ਖਿਲੌਣਾ ਚੜਾ ਕੇ, ਵੀਜ਼ੇ ਦੀ ਅਰਦਾਸ ਕਰਾ ਦਿਉ।
- ਚਲੋ, ਲੋੜਵੰਦ ਬੰਦਾ ਕੀ ਨਹੀਂ ਕਰਦਾ। ਉਸਨੇ ਤਾਂ ਕੋਈ ਨਾ ਕੋਈ ਰਾਹ ਲੱਭਣਾ ਹੀ ਹੁੰਦਾ ਹੈ, ਪਰ ਸਾਡੇ ਗੁਰਦੁਆਰਿਆਂ ਦੇ ਗਰੰਥੀ/ਪ੍ਰਬੰਧਕ ਵੀ ਸੁੱਤੇ ਹੋਏ ਹਨ। ਵੇਖੋ ਇਹਨਾਂ ਨੇ ਹੋਰਨਾਂ ਬੇਵਕੂਫ ਲੋਕਾਂ ਨੂੰ ਭਰਮਾਉਣ ਲਈ ਇਹ ਸਾਰੇ ਖਿਡੌਣੇ ਜਹਾਜ਼ ਕਿਵੇਂ ਸਜਾ ਕੇ ਸਬਦ ਗੁਰੂ ਦੇ ਸਾਹਮਣੇ ਰੱਖੇ ਹਨ।
- ਇਹ ਸੱਬ ਲੋਕਾਂ ਨੂੰ ਭਰਮਾਉਣ ਲਈ ਹੀ ਨੁਮਾਇਸ਼ ਰੂਪ ਵਿੱਚ ਸਜਾਏ ਗਏ ਹਨ।

**** ਗੁਰਦੁਆਰੇ ਜਾ ਕੇ 'ਸਬਦ ਗੁਰੂ' ਤੋਂ ਬਿਬੇਕ-ਬੁੱਧ ਅਤੇ ਗਿਆਨ ਲੈਣਾ ਸੀ। ਜੋ ਉਥੇ ਮਿਲਦਾ ਨਹੀਂ। ਕਿਉਂਕਿ ਲੈਣ ਵਾਲੇ ਅਭਿਲਾਸ਼ੀ ਹੀ ਨਹੀਂ ਹਨ। ਸਾਰੇ ਤਾਂ ਆਪੋ-ਆਪਣੀਆਂ ਮੰਗਾਂ ਲੈ ਕੇ ਉਸ ਜਗਹ ਪਹੁੰਚੇ ਹੁੰਦੇ ਹਨ। ਹਰ ਕੋਈ 'ਗਰੰਥ ਨੂੰ ਆਪਣੀ ਜੇਬ ਦੀ ਹੈਸੀਅਤ ਅਨੁਸਾਰ ਚੜ੍ਹਾਵਾ ਦੇ ਰਿਹਾ ਹੁੰਦਾ ਹੈ। 'ਗਿਆਨ' ਲੈਣ ਵਾਸਤੇ ਤਾਂ ਕੋਈ 100 ਵਿਚੋਂ ਇੱਕ-ਅੱਧ ਹੀ ਹੋਵੇਗਾ। ਵਰਨਾ ਤਾਂ ਸਾਰਾ ਪਰੋਗਰਾਮ ਮਨੋ ਕਲਪਿੱਤ ਕਥਾ ਕਹਾਣੀਆਂ ਨਾਲ ਹੀ ਭਰਿਆ ਹੁੰਦਾ ਹੈ।**

**** ਜਿਹਨਾਂ ਵੀਰਾਂ ਭੈਣਾਂ ਨੂੰ ਬਾਹਰਲੇ ਦੇਸ਼ਾਂ ਵਿੱਚ ਜਾਣ ਦਾ ਸ਼ੌਕ ਹੈ, ਤਾਂ ਪਹਿਲਾਂ ਜਰੂਰ ਵੀਜ਼ਾ ਲੈਣ ਵਾਸਤੇ ਉਸ ਦੇਸ਼ ਦੀਆਂ ਲੋੜੀਦੀਆਂ ਸ਼ਰਤਾਂ ਵੀ ਪੂਰੀਆਂ ਕਰੋ ਜੀ।**

- **ਇਹਨਾਂ ਮੂੜਮਤੀ ਮਾਨਤਾਵਾਂ, ਕਰਮਕਾਂਡਾਂ (ਗੁਰਦੁਆਰੇ ਜਹਾਜ਼ ਚੜਾ ਕੇ) ਨਾਲ ਕਦੇ ਵੀ ਤੁਹਾਡੀਆਂ ਮਨ ਦੀਆਂ ਇਛਿਆਵਾਂ ਪੂਰੀਆਂ ਨਹੀਂ ਹੋਣੀਆਂ। ਵੀਜ਼ੇ ਨਹੀਂ ਮਿਲਣੇ।**
- **ਗੁਰਦੁਆਰੇ ਤੁਹਾਡੇ ਭੇਟਾ ਕੀਤੇ ਜਹਾਜ਼ਾਂ ਨੇ ਤੁਹਾਡੀਆਂ ਸ਼ਰਤਾਂ ਨਹੀਂ ਪੂਰੀਆਂ ਕਰਨੀਆਂ।**

- ਸ਼ਰਤਾਂ ਪੂਰੀਆਂ ਕਰਨ ਵਾਸਤੇ, ਵੀਜ਼ੇ ਪ੍ਰਤੀ ਜਾਣਕਾਰਾਂ ਦੀ ਸਲਾਹ ਨਾਲ ਲੋੜੀਂਦੇ ਕਦਮ ਚੁੱਕੇ ਜਾਣ।
- ਗੁਰੂ ਘਰਾਂ ਨੂੰ ਮਿਉਜ਼ਿਮ ਨਾ ਬਨਾਉਣਾ ਕਰੋ ਜੀ।
- ਗਰੰਥੀ ਸਿੰਘਾਂ ਨੂੰ ਵੀ ਬੇਨਤੀ ਹੈ। ਸਿੱਖ ਸੰਗਤਾਂ ਨੂੰ ਸਹੀ 'ਗੁਰਮੱਤ-ਗਿਆਨ' ਅਨੁਸਾਰੀ ਜਾਣਕਾਰੀ ਦੇਣ ਦੀ ਕਿਰਪਾਲਤਾ ਕਰਨ ਜੀ।
- ਸਾਡੀਆਂ ਦੁਨੀਆਂਵੀ ਲੋੜਾਂ ਪੂਰੀਆਂ ਕਰਨ ਵਾਸਤੇ ਸਾਨੂੰ ਆਪ ਹੀ ਉੱਪਰਾਲੇ ਕਰਨ ਪੈਣੇ ਹਨ।
- ਸਬਦ ਗੁਰੂ ਨੇ ਕੇਵਲ ਤੁਹਾਨੂੰ ਗਿਆਨ ਦੇਣਾ ਕਰਨਾ ਹੈ, ਰਾਹ ਵਿਖਾਉਣਾ ਕਰਨਾ ਹੈ, ਮਿਹਨਤ ਤੁਸੀਂ ਆਪ ਹੀ ਕਰਨੀ ਹੈ।
- 'ਰੱਬ' ਨਾਂ ਦੀ ਚੇਤਨਤਾ, ਨੂਰ, ਸ਼ਕਤੀ, ਹਸਤੀ ਨਾ ਤਾਂ ਵੇਖ ਸਕਦੀ ਹੈ, ਨਾ ਹੀ ਸੁਣ ਸਕਦੀ ਹੈ, ਜਿਸ ਤਰਾਂ ਉਹ ਬਾਹਰ ਕਿਧਰੇ ਸਰਬ ਵਿਆਪਿੱਕ ਹੈ, ਸਰਬ-ਨਿਵਾਸੀ ਹੈ, ਠੀਕ ਉਸੇ ਤਰਾਂ ਉਹ ਤੁਹਾਡੇ ਅੰਦਰ ਵੀ ਵਿਚਰ ਰਹੀ ਹੈ। ਆਪਣੇ ਆਪ ਨੂੰ ਉਸਦਾ ਹੀ ਰੂਪ ਸਮਝਣਾ ਕਰੋ ਜੀ। ਆਪਣੀਆਂ ਜਿੰਮੇਂਵਾਰੀਆਂ ਨੂੰ ਸਮਝਣਾ ਕਰੋ ਜੀ।
- ਤੁਸੀਂ ਹੀ ਉਸਦਾ ਰੂਪ ਹੋ, ਇਸ ਲਈ ਆਪਣੀਆਂ ਸਾਰੀਆਂ ਲੋੜਾਂ/ਜਿੰਮੇਂਵਾਰੀਆਂ ਦੀ ਪੂਰਤੀ ਦੇ ਉੱਪਰਾਲੇ ਤੁਹਾਨੂੰ ਆਪ ਹੀ ਕਰਨੇ ਪੈਣੇ ਹਨ।

## ਲੰਗਰ-ਪ੍ਰਸ਼ਾਦਾ: ਭੁੱਖੇ-ਲੋੜਵੰਦਾਂ ਨੂੰ ਖਾਣਾ ਖਵਾਉਣਾ।

**** ਸਿੱਖ ਸਮਾਜ ਵਿੱਚ ਪਹਿਲੇ ਗੁਰੂ ਸਾਹਿਬ ਦੇ ਜੀਵਨ ਕਾਲ ਨਾਲ ਸਬੰਧਤ ਬਹੁਤ ਸਾਰੀਆਂ ਪ੍ਰਚੱਲਤ ਸਾਖੀਆਂ ਹਨ। ਇਹਨਾਂ ਸਾਖੀਆਂ ਵਿੱਚ 'ਸੱਚੇ-ਸੌਦੇ' ਵਾਲੀ ਸਾਖੀ ਤਾਂ ਹਰ ਸਿੱਖ ਦੇ ਦਿਲੋ-ਦਿਮਾਗ਼ ਵਿੱਚ ਪੱਕੀ ਤਰਾਂ ਆਪਣਾ ਘਰ ਕਰ ਚੁੱਕੀ ਹੈ। ਕਿਸ ਤਰਾਂ ਬਾਬੇ ਨਾਨਕ ਨੇ ਆਪਣੇ ਬਚਪਨ ਵਿਚ, ਆਪਣੇ ਪਿਤਾ ਜੀ ਵਲੋਂ ਦਿੱਤੇ 20 ਟੱਕਿਆਂ /ਰੁੱਪਿਆਂ ਦਾ ਰਾਸ਼ਨ ਪਾਣੀ ਲਿਆ ਕੇ ਭੁੱਖੇ ਸਾਧੂਆਂ ਨੂੰ ਖਿਲਾਉਣਾ ਕੀਤਾ।

** ਗੁਰੂ ਬਾਬੇ ਨਾਨਕ ਜੀ ਨੇ ਆਪਣੇ 'ਗੁਰਮੱਤ-ਫਲਸ਼ਫੇ' ਦਾ ਖੂਬ ਜ਼ੋਰ-ਸ਼ੋਰ ਨਾਲ ਪ੍ਰਚਾਰ-ਪ੍ਰਸਾਰ ਕੀਤਾ। ਜਿਥੇ ਜਿਥੇ ਵੀ ਗਏ, ਉਹਨਾਂ ਦੇ 'ਗੁਰਮੱਤ' ਬਰਾਬਰੀ/ਇਕਸਾਰਤਾ ਦੇ ਫਲਸ਼ਫੇ ਨੂੰ ਜਾਣਦੇ, ਬੁੱਝਦੇ, ਸਮਝਦੇ, ਲੋਕਾਈ ਨੇ, ਲੋਕਾਂ ਨੇ ਬੇਹੱਦ ਪਿਆਰ ਕਰਨਾ ਕੀਤਾ। ਆਪਣੇ ਪਿਆਰ ਕਰਨ ਵਾਲਿਆਂ ਦੀ ਇੱਛਾ ਦੇ ਅਨੁਸਾਰੀ, ਗੁਰੂ ਬਾਬੇ ਨਾਨਕ ਨੇ ਉਸ ਜਗਹ 'ਧਰਮ-ਸ਼ਾਲਾਵਾਂ/ਸੰਗਤ' (ਭਾਵ-ਪ੍ਰਚਾਰ-ਕੇਂਦਰ) ਕਾਇਮ ਕਰਨੇ ਕੀਤੇ। ਇਹਨਾਂ ਧਰਮ-ਸ਼ਾਲਾਵਾਂ/ਸੰਗਤਾਂ ਵਿੱਚ ਲੋੜਵੰਦਾਂ ਲਈ ਲੰਗਰ-ਪ੍ਰਸਾਦਾ ਜਰੂਰ ਬਣਦਾ।

** ਇਹ ਲੰਗਰ-ਪ੍ਰਸ਼ਾਦਾ ਬਨਾਉਣ ਦਾ ਵਿੱਧੀ-ਵਿਧਾਨ ਪਹਿਲੇ ਗੁਰੂ ਸਾਹਿਬ ਤੋਂ ਸ਼ੁਰੂ ਹੋ ਚੱਕਾ ਸੀ। ਪਰ ਉਸ ਸਮੇਂ ਕੇਵਲ ਲੋੜਵੰਦ ਹੀ ਲੰਗਰ ਵਿੱਚ ਪ੍ਰਸਾਦਾ ਪਾਣੀ ਛਕਦੇ ਸਨ। ਸਰਦੇ-ਪੁਜਦੇ ਪ੍ਰੀਵਾਰ ਧਰਮਸ਼ਾਲਾਵਾਂ ਵਿੱਚ ਆਪਣੇ ਵਿੱਤ ਅਨੁਸਾਰ ਰਾਸ਼ਨ-ਪਾਣੀ ਦੀ ਸੇਵਾ ਕਰਦੇ।

** ਦੂਜੇ ਗੁਰੁ ਸਾਹਿਬ ਵਲੋਂ ਵੀ ਲੰਗਰ-ਪ੍ਰਥਾ ਨੂੰ ਉਸੇ ਤਰਾਂ ਜ਼ਾਰੀ ਰੱਖਿਆ ਗਿਆ।

** ਗੁਰੂ ਅਮਰਦਾਸ ਜੀ ਨੇ ਲੰਗਰ-ਪ੍ਰਥਾ ਨੂੰ ਲਾਜ਼ਮੀ ਕਰਾਰ ਦੇ ਦਿੱਤਾ। "ਪਹਿਲੇ ਪੰਗਤ, ਪਾਛੇ ਸੰਗਤ"। ਰਾਜੇ ਅਕਬਰ ਨੂੰ ਵੀ ਗੁਰੁ ਅਮਰਦਾਸ ਜੀ ਦੇ ਦਰਸਨ ਕਰਨ ਲਈ ਪਹਿਲਾਂ ਲੰਗਰ ਘਰ ਵਿੱਚ ਜਾ ਕੇ 'ਪ੍ਰਸਾਦਾ-ਪਾਣੀ' ਛੱਕਣਾ ਪਿਆ ਸੀ, ਤਾਂ ਹੀ ਦਰਸਨ ਕਰ ਸਕਿਆ ਸੀ।

* ਬਾਕੀ ਗੁਰੁ ਸਾਹਿਬਾਨਾਂ ਦੇ ਸਮੇਂ ਵੀ ਇਹ ਲੰਗਰ-ਪ੍ਰਥਾ ਉਸੇ ਤਰਾਂ ਚੱਲਦੀ ਰਹੀ। ਕਾਰਨ ਵੀ ਸੀ, ਆਉਂਦੇ-ਜਾਂਦੇ ਰਾਹੀਆਂ ਲਈ, ਲੋੜਵੰਦਾਂ ਲਈ ਧਰਮਾਸ਼ਾਲਾਵਾਂ ਵਿੱਚ ਦੇਗੇ/ਲੋਹਾਂ ਤਪਦੀਆਂ ਹੀ ਰਹਿੰਦੀਆਂ।




##### ਅੱਜ ਦੇ ਸਿੱਖ ਸਮਾਜ ਦੇ ਗੁਰਦੁਆਰਿਆਂ ਵਿੱਚ ਇਹ ਲੰਗਰ-ਪ੍ਰਸਾਦੇ ਦਾ ਪ੍ਰਬੰਧ ਬਹੁਤ ਮੌਡਰਨ ਹੋ ਗਿਆ ਹੈ, ਨਵਾਂ ਅਧੁਨਿਕ ਹੋ ਗਿਆ ਹੈ, ਭਾਵ ਬਦਲ ਗਿਆ ਹੈ, ਨਵੀਨੀ-ਕਰਣ ਹੋ ਗਿਆ ਹੈ। ਹੁਣ ਰੱਜ਼ਿਆਂ-ਪੁੱਜਿਆਂ ਨੂੰ ਰਜਾਇਆ ਜਾਂਦਾ ਹੈ।

- ਹਰ ਤਰਾਂ ਦਾ ਪਕਵਾਨ ਗੁਰੁ ਘਰਾਂ ਦੇ ਲੰਗਰ ਵਿੱਚ ਪਰੋਸਿਆ ਜਾਂਦਾ ਹੈ। ਲੋੜਵੰਦਾਂ ਦੀ ਲੋੜ ਤਾਂ ਜਰੂਰ ਪੂਰੀ ਹੁੰਦੀ ਹੋਵੇਗੀ, ਪਰ ਜਿਆਦਾਤਰ ਧਿਆਨ ਇਹ ਰੱਖਿਆ ਜਾਂਦਾ ਹੈ, ਕਿ **ਫ਼ਲਾਂ-ਫਲਾਂ ਪਰੀਵਾਰ ਦਾ ਲੰਗਰ ਹੈ** ਅਤੇ ਲੰਗਰ ਵਿੱਚ ਕਿੰਨੇ ਤਰਾਂ ਦੇ ਖਾਧ-ਪਦਾਰਥਾਂ ਦੀਆਂ ਵਰਾਈਟੀਆਂ ਤਿਆਰ ਕੀਤੀਆਂ ਜਾਣ। ਤਾਂ ਕਿ **ਪ੍ਰੀਵਾਰ ਦੀ 'ਪ੍ਰਭੁਸਤਾ' ਦਾ ਵਿਖਾਵਾ ਹੋ ਸਕੇ।**
- ਗੁਰਦੁਆਰੇ ਵਿੱਚ ਲੰਗਰ-ਪਾਣੀ ਛਕਾਉਣਾ, ਸਿੱਖਾਂ ਦੀ ਹੈਸੀਅਤ ਦਾ ਸੁਆਲ ਬਣ ਚੁੱਕਾ ਹੈ।
- 'ਦਾਤਾਰ' ਦੀਆਂ ਦਿੱਤੀਆਂ ਦਾਤਾਂ ਦਾ ਸ਼ੁਕਰਾਨਾ ਕਰਨ ਨਾਲੋਂ, ਲੋਕਾਂ ਦੀ ਖ਼ੁਸ਼ਨੁਮਾਦੀ ਜਿਆਦਾ ਕੀਤੀ ਜਾਂਦੀ ਹੈ। ਲੋਕਾਂ ਵਲੋਂ ਆਉਣ ਵਾਲੀਆਂ ਖ਼ੁਸ਼ੀਆਂ/ਵਧਾਈਆਂ ਦਾ ਜਿਆਦਾ ਖਿਆਲ ਰੱਖਿਆ ਜਾਂਦਾ ਹੈ।

- ਥੋੜਾ ਸਮਾਂ ਪਹਿਲਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇੱਕ ਆਰਡਰ ਜਾਰੀ ਕੀਤਾ ਗਿਆ।




*** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ(ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ।

** ਸਿੱਖ ਰਹਿਤ ਮਰਿਆਦਾ ਦੇ ਪੰਨਾ 4 ਉੱਪਰ ਮੱਦ 4 ਦੇ ਅਨੁਸਾਰ (4. ਸਾਧ ਸੰਗਤ ਵਿੱਚ ਜੁੜਕੇ ਗੁਰਬਾਣੀ ਦਾ ਅਭਿਆਸ ਗੁਰਦੁਆਰੇ) ਵਿੱਚ ਦਰਜ਼ ਹੈ: ਪੰਨਾ 5, ਮੱਦ 'ਹ'।

{{{ ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ(ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ-ਪੂਜਾ ਜਾਂ ਹੋਰ ਗੁਰਮਿਤ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ

ਹੀ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ। ਹਾਂ, ਕਿਸੇ ਮੌਕੇ ਜਾਂ ਇੱਕਤ੍ਰਤਾ ਨੂੰ ਗੁਰਮਿਤ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।}}}}

1. **ਗੁਰੂ ਗ੍ਰੰਥ ਸਾਹਿਬ ਜੀ ਤੇ ਨਾਲ ਕਿਸੇ ਹੋਰ ਗ੍ਰੰਥ ਪੁਸਤਕ ਆਦਿ ਦਾ ਪ੍ਰਕਾਸ਼ ਨਹੀ ਹੋ ਸਕਦਾ ਇਹ ਮਨਮਤਿ ਹੈ, ਲੇਕਿਨ ਇਹ ਅਪਰਾਧ ਪਟਨਾ ਸਾਹਿਬ ਅਤੇ ਹਜੂਰ ਸਾਹਿਬ ਦੇ ਤਖਤ ਤੇ ਕੀਤਾ ਜਾ ਰਿਹਾ ਹੈ।**
2. ਤਖ਼ਤ ਪਟਨਾ ਸਾਹਿਬ। ਦੋ ਗਰੰਥਾਂ ਦਾ ਪ੍ਰਕਾਸ਼। ਇਹ ਦੋ ਗਰੰਥ ਹਨ ਸਬਦ ਗੁਰੁ ਗਰੰਥ ਸਾਹਿਬ ਅਤੇ ਦਸਮ ਗਰੰਥ।



3. ਤਖ਼ਤ ਹਜੁਰ ਸਾਹਿਬ, ਨਾਂਦੇੜ। ਦੋ ਗਰੰਥਾਂ ਦਾ ਪ੍ਰਕਾਸ਼। ਇਹ ਦੋ ਗਰੰਥ ਹਨ ਸਬਦ ਗੁਰੁ ਗਰੰਥ ਸਾਹਿਬ ਅਤੇ ਦਸਮ ਗਰੰਥ।




** ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਅਤੇ ਚੰਡੀਗੜ੍ਹ ਤੇ ਕਾਬਜ਼ ਹੈ ਅਤੇ ਬਾਕੀ ਰਾਜਾਂ ਹਰਿਆਣਾ, ਬਿਹਾਰ, ਮਹਾਂਰਾਸ਼ਟਰ ਰਾਜਾਂ ਦੀਆਂ ਗੁਰਦੁਆਰਾ ਕਮੇਟੀਆਂ ਦੀਆਂ ਆਪੋ ਆਪਣੀਆਂ ਰਹਿਤ ਮਰਿਆਦਾਵਾਂ ਬਣਾਈਆਂ ਹੋਈਆਂ ਹਨ। ਕਿਸੇ ਨੂੰ ਕਿਸੇ ਨਾਲ ਕੋਈ ਵਾਸਤਾ ਨਹੀਂ ਹੈ। ਹਰ ਰਾਜ ਦੀ ਕਮੇਟੀ ਆਪੋ ਆਪਣੀਆਂ ਮਾਨਤਾਵਾਂ ਨੂੰ ਪਹਿਲ ਦੇ ਰਹੀ ਹੈ। ਇਹ ਸਾਰੇ ਸ਼੍ਰੀ ਅਕਾਲ ਤੱਖਤ ਨੂੰ ਮਾਨਤਾ ਤਾਂ ਦਿੰਦੇ ਹਨ, ਪਰ ਕਿਸੇ ਹੁੱਕਮ ਦੀ ਪ੍ਰਵਾਹ ਨਹੀਂ ਕਰਦੇ।

*** ਸਿੱਖ ਰਹਿਤ ਮਰਿਆਦਾ ਦੇ ਅਨੁਸਾਰ ਦਰਬਾਰ ਸਾਹਿਬ ਕੰਮਪਲੈਕਸ ਵਿੱਚ ਬਹੁਤ ਸਾਰੀਆਂ ਮੰਨਮੱਤ ਾਂਹੋ ਰਹੀਆਂ ਹਨ। ਕਦੇ ਕਿਸੇ ਨੇ ਜਿੰਮੇਵਾਰ ਪਰਬੰਧਕ ਨੇ ਮੂੰਹ ਨਹੀਂ ਖੋਲਿਆ। ਕਦੇ ਉੱਗਲ ਨਹੀਂ ਉਠਾਈ। ਅਕਾਲ ਤੱਖਤ ਦਾ ਹੁੱਕਮ ਨਾ ਮੰਣਾ ਇੱਕ ਧੱਕੇਸ਼ਾਹੀ ਹੈ।

** ਇਸ ਧੱਕੇਸਾਹੀ ਪਿੱਛੇ ਕਿਸ ਦਾ ਕੀ ਮਕਸਦ ਹੋ ਸਕਦਾ ਹੈ, ਇਹ ਤਾਂ ਇਹ ਕਮੇਟੀਆਂ ਦੇ ਪ੍ਰਧਾਨ ਅਤੇ ਮੈਂਬਰ ਹੀ ਜਵਾਬ ਦੇ ਸਕਦੇ ਹਨ।

** ਇਕ-ਸਾਰਤਾ, ਇੱਕਸੁਰਤਾ ਨਾ ਹੋਣ ਕਰਕੇ ਪੂਰਾ ਸਿੱਖ ਸਮਾਜ ਸਵਾਲਾਂ ਦੇ ਘੇਰੇ ਵਿੱਚ ਖੜਾ ਹੈ।

** ਕਦੋਂ ਸਾਡੇ ਸਿੱਖ ਸਮਾਜ ਵਿੱਚ ਆਏ ਇਸ ਨਿਘਾਰ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ? ? ? ?

** ਸਾਡੇ ਪ੍ਰਚਾਰਕਾਂ ਨੂੰ ਨਿਰੋਲ ਗੁਰਮੱਤ ਗਿਆਨ ਦਾ ਪ੍ਰਚਾਰ-ਪ੍ਰਸਾਰ ਕਰਨਾ ਚਾਹੀਦਾ ਹੈ।

** ਇਹਨਾਂ ਹੋ ਰਹੀਆਂ ਮੰਨਮੱਤਾਂ ਕਰਕੇ ਹੀ ਅੱਜ ਦੀ ਸਿੱਖ ਨੌਜਵਾਨ ਪੀੜ੍ਹੀ ਨਿਵਾਣਾ ਵੱਲ ਨੂੰ ਜਾ ਰਹੀ ਹੈ। ਲੋੜ ਹੈ ਆਪਣੇ ਆਪ ਵਿੱਚ ਬਦਲਾਅ ਲਿਆ ਕੇ ਆਪਣੀਆਂ ਸਿੱਖੀ ਕਦਰਾਂ ਕੀਮਤਾਂ ਦੀ ਪਹਿਚਾਣ ਕਰਕੇ ਆਪਣੇ ਭਵਿੱਖ ਦੀ ਆਉਣ ਵਾਲੀ ਪੀੜ੍ਹੀ ਨੂੰ ਸਹੀ ਮਾਰਗ ਤੇ ਚਲਾਉਣਾ। 'ਸਚਿਆਰਤਾ' ਵਾਲਾ ਰਾਹ ਦਸੇਰਾ ਬਨਣਾ।

. . . . . . . . . . . ਚਲਦਾ।

**ਇੰਜ ਦਰਸਨ ਸਿੰਘ ਖਾਲਸਾ**

**ਸਿੱਡਨੀ ਅਸਟਰੇਲੀਆ,**

19 ਜੁਲਾਈ 2019.